The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
CONTACT RAJ : 021874730, 021874702,
www.redcleaning.co.nz

28 November 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਭਾਰਤੀ ਮੂਲ ਦਾ 32 ਸਾਲਾ ਡਾਕਟਰ ਨਿਊਜ਼ੀਲੈਂਡ 'ਚ ਕਤਲ ਦਾ ਦੋਸ਼ੀ ਐਲਾਨਿਆ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ)ਭਾਰਤੀ ਮੂਲ਼ ਦੇ 32 ਸਾਲਾ ਡਾਕਟਰ ਵਿਨੋਦ ਸਕਾਂਥਾ ਨੂੰ ਆਪਣੀ ਦੋਸਤ ਦੇ ਕਾਤਲ ਦਾ ਦੋਸ਼ੀ ਐਲਾਨ ਦਿੱਤਾ ਗਿਆ ਹੈ। ਅੱਜ 2 ਮਹਿਲਾਵਾਂ ਅਤੇ 10 ਮਰਦਾਂ ਦੀ ਜਿਊਰੀ ਬੈਂਚ ਨੇ ਉਸਨੂੰ ਦੋਸ਼ੀ ਐਲਾਨਿਆ ਹੈ। ਪਿਛਲੇ ਤਿੰਨ ਹਫਤੇ ਤੋਂ ਇਸ ਕੇਸ ਦੀ ਸੁਣਵਾਈ ਚੱਲ ਰਹੀ ਸੀ। ਵਿਨੋਦ ਸਕਾਂਥਾ ਡੁਨੇਡਿਨ ਦੀ 16 ਸਾਲਾ ਐਂਬਰ ਰੋਜ ਨੂੰ ਧਮਕੀਆਂ ਦੇਣ ਦੇ ਦੋਸ਼ ਵੀ ਆਇਦ ਕੀਤੇ ਗਏ ਹਨ।

# ਪੰਜਾਬ ਕਾਂਗਰਸ ਸਰਕਾਰ ਦੇ ਧੂਰੀ ਤੋਂ ਮੌਜੂਦਾ ਵਿਧਾਇਕ ਸ੍ਰ: ਦਲਵੀਰ ਸਿੰਘ ਜੀ ਗੋਲਡੀ ਦਾ ਰਾਜਧਾਨੀ ਵੈਲਿੰਗਟਨ ਪਹੁੰਚਣ ਤੇ ਨਿੱਘਾ ਸਵਾਗਤ

(ਵੈਲਿੰਗਟਨ) — ਪੰਜਾਬ ਤੋਂ ਵਿਸ਼ੇਸ਼ ਤੌਰ ਤੇ ਨਿਊਜ਼ੀਲੈਂਡ ਫੇਰੀ 'ਤੇ ਆਏ ਪੰਜਾਬ ਕਾਂਗਰਸ ਸਰਕਾਰ ਦੇ ਮੌਜੂਦਾ ਵਿਧਾਇਕ ਸ੍ਰ: ਦਲਵੀਰ ਸਿੰਘ ਜੀ ਗੋਲਡੀ ਦਾ ਵੈਲਿੰਗਟਨ ਪਹੁੰਚਣ ਤੇ ਭਰਵਾਂ ਸਵਾਗਤ ਕੀਤਾ ਗਿਆ। ਅੱਜ ਦੁਪਹਿਰ ਸਮੇਂ ਵੈਲਿੰਗਟਨ ਪਹੁੰਚਣ ਤੇ ਵੈਲਿੰਗਟਨ ਪੰਜਾਬੀ ਸਪੋਟਰਸ ਐਂਡ ਕੱਲਚਰਲ ਕਲੱਬ ਦੇ ਮੈਂਬਰਾਂ ਵੱਲੋਂ ਉਹਨਾ ਨੂੰ ਪਾਰਲੀਮੈਂਟ ਨਿਊਜ਼ੀਲੈਂਡ ਦਾ ਟੂਅਰ ਕਰਵਾਇਆ ਗਿਆ। ਇਸ ਟੂਅਰ ਵਿੱਚ ਲੋਅਰ ਹੱਟ ਤੋਂ ਮੈਂਬਰ ਪਾਰਲੀਮੈਂਟ ਕਰਿਸ ਬਾਇਸ਼ਪ



ਵੱਲੋਂ ਵਿਧਾਇਕ ਜੀ ਨੂੰ ਪਾਰਲੀਮੈਂਟ ਦੇ ਖ਼ਾਸ ਪਹਿਲੂਆਂ ਤੋਂ ਜਾਣੂ ਕਰਵਾਇਆ ਗਿਆ। ਟੂਅਰ ਦੇ ਆਖੀਰ ਵਿੱਚ ਵੈਲਿੰਗਟਨ ਪੰਜਾਬੀ ਸਪੋਟਰਸ ਐਂਡ ਕੱਲਚਰਲ ਕਲੱਬ ਵੱਲੋਂ ਉਹਨਾ ਨੂੰ ਵਿਸ਼ੇਸ਼ ਤੌਰ ਤੇ ਇੱਕ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਲੱਬ ਵੱਲੋਂ ਬਲਵਿੰਦਰ ਕੰਗ, ਦਲੇਰ ਬੱਲ, ਗੁਰਪ੍ਰੀਤ ਢਿੱਲੋਂ ਅਵਿੰਦਰ ਗਿੱਲ ਅਤੇ ਆਕਲੈਂਡ ਕਬੱਡੀ ਫੈਡਰੇਸ਼ਨ ਦੇ ਤੀਰਥ ਅਟਵਾਲ ਹਾਜ਼ਿਰ ਸਨ।

# ਨੌਜਵਾਨ ਪਤਰਕਾਰ, ਪਰਮਵੀਰ ਬਾਠ ਦਾ ਰੋਟੋਰੂਆ ( NZ ) ਚ ਕੀਤਾ ਗਿਆ ਸਨਮਾਨ



ਆਕਲੈਂਡ (ਐਨ. ਜ਼ੈਡ. ਤਸਵੀਰ ਬਿਓਰੋ) ਬੀਤੇ ਦਿਨ ਬੁਧਵਾਰ ਮਿਤੀ 27 ਨਵੰਬਰ 2019 ਨੂੰ "ਕੰਬਾਈਂਡ ਕੁਮਨਿਟੀ ਵੋਇਸ ਓਫ ਨਿਊਜ਼ੀਲੈਂਡ" ਸੰਸਥਾ ਦੇ ਫਾਊਂਡਰ ਅਤੇ Sab -Ka TV ਦੇ ਪ੍ਰੈਸੈਂਟਰ ਰਾਜੀਵ ਬਾਜਵਾ ਨੇ ਪਰਮਵੀਰ ਬਾਠ ਨੂੰ ਇਕ "ਇਮਾਨਦਾਰ, ਨਿਧੜਕ ਅਤੇ ਸੁਲਝਿਆ ਹੋਇਆ" ਪਤਰਕਾਰ ਦੇ ਖਿਤਾਬ ਨਾਲ ਐਲਾਨਿਆ। ਇਸ ਖਿਤਾਬ ਦੀ ਮਹੱਤਤਾ ਦਸਦੇ ਹੋਏ ਵਿਸ਼ੇਸ਼ ਮਹਿਮਾਨ ਪਰਮਵੀਰ ਬਾਠ ਨੇ ਦੱਸਿਆ ਕਿ ਜਿਥੇ ਅੱਜ ਸਾਡਾ ਯਕੀਨ ਕ?ਾਨੂਨ ਅਤੇ ਕ?ਾਨੂਨ ਬਣਾਉਣ ਵਾਲੇ ਸਿਆਸਤਦਾਨਾਂ ਤੋਂ ਉੱਠ ਚੁੱਕਾ ਹੈ ਉਥੇ ਉਸੇ ਸਮੇਂ ਲੋਕਤੰਤਰ ਦੇ ਚੌਥੇ ਥੰਮ ਮੰਨੇ ਜਾਂ ਵਾਲੇ ਮਾਣਯੋਗ ਪੱਤਰਕਾਰਿਤਾ ਦੇ ਕਿੱਤੇ ਉੱਤੇ ਵੀ ਉਂਗਲੀਆਂ ਉਠਦਿਆਂ ਹਨ। ਇਹ ਖਿਤਾਬ ਰਸਮੀ ਕਾਰਵਾਈ ਰਾਜੀਵ ਬਾਜਵਾ ਦੀ ਧਰਮ ਪੱਤਨੀ ਬੀਬਾ ਸੀਮਾ ਬਾਜਵਾ ਨੇ ਨਿਭਾਈ ਅਤੇ ਕਿਹਾ ਕਿ ਪਰਮਵੀਰ ਬਾਠ ਵਰਗੇ ਪੱਤਰਕਾਰਾਂ ਕਰਕੇ ਹੀ ਇਕ ਉੱਮੀਦ ਦੀ ਕਿਰਨ ਅਜੇ ਬਾਕੀ ਹੈ ਜਿਸ ਨੂੰ ਜਿਉਂਦਾ ਰੱਖਣ ਲਈ ਹੀ ਇਹ ਖਿਤਾਬ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ ਅਤੇ ਇਸ ਦੀ ਰਸਮੀ ਕਾਰਵਾਈ ਘਰ ਦੀ ਗ੍ਰਹਿਣੀ ਦੇ ਹੱਥੋਂ ਕਰਵਾਈ ਗਈ ਹੈ ਜਿਕਰਯੋਗ ਹੈ ਕਿ ਜਦ ਤਕ ਹਰ ਇਕ ਸਾਧਾਰਨ ਨਾਗਰਿਕ, ਜਿਸ ਦਾ ਸਿਆਸਤ ਨਾਲ ਕੋਈ ਵਾਸਤਾ ਨਹੀਂ ਪਰਮਵੀਰ ਵਰਗੇ ਇਮਾਨਦਾਰ ਅਤੇ ਨਿਧੜਕ ਪੱਤਰਕਾਰਾਂ ਦਾ ਹੌਸਲਾ ਨਹੀਂ ਵਧਾਏਗਾ ਉਨੀਂ ਦੇਰ ਤਕ ਬਾਕੀ ਪਤਰਕਾਰ ਸਮੁਦਾਏ ਨੂੰ ਸਹੀ ਪੱਤਰਕਾਰੀ ਕਰਨ ਦਾ ਲੋੜੀਂਦਾ ਉਤਸ਼ਾਹ ਅਤੇ ਬਲ ਕਿਵੇਂ ਪ੍ਰਾਪਤ ਹੋਵੇਗਾ। ਇਸ ਮੌਕੇ ਤੇ ਹਾਜ਼ਿਰ ਨਿਊਜ਼ੀਲੈਂਡ ਦੇ ਉੱਗੇ ਪਤਰਕਾਰ ਅਤੇ NZ ਪੁਲਿਸ ਦੇ ਲੋਕਲ ਡਿਸਟ੍ਰਿਕਟ ਅਡਵਿਸਰ, ਸ. ਪਰਮਿੰਦਰ ਸਿੰਘ ਪਾਪਾਟੋਏਟੋਏ ਨੇ ਇਸ ਖਿਤਾਬ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਸ ਸਨਮਾਨ ਦੇ ਨਾਲ ਜ਼ਿੰਮੇਵਾਰੀ ਦਾ ਵੀ ਇਹਸਾਸ ਵੱਧ ਜਾਂਦਾ ਹੈ ਹੋਰ ਹਾਜ਼ਿਰ ਮਹਿਮਾਨ ਨਵਜੋਤ ਸਿੱਧੂ ਹੈਮਿਲਟਨ ਤੋਂ, ਅਮਰੀਕ ਸਿੰਘ ਆਕਲੈਂਡ ਤੋਂ, ਚੇਤਨ ਰਣਘੇਰੀ ਅਕਲੰਤ ਤੋਂ, ਬੀਬਾ ਕਮਲ ਖ਼ੈਰਾਹ ਮੈਲਬੌਰਨ ਆਸਟ੍ਰੇਲੀਆ ਤੋਂ, ਨੇ ਵੀ ਇਸ ਮੌਕੇ ਤੇ ਪਰਮਵੀਰ ਬਾਠ ਦੀ ਹੌਂਸਲਾ ਫਜ਼ਾਈ ਅਤੇ ਇਸ ਖਿਤਾਬ ਦੀ ਮੁੱਢਲੀ ਲੋੜ, ਇਸ ਦੇ ਪਿੱਛੇ ਛੁਪੇ ਹੋਏ ਜਜ਼ਬਾਤ ਦੀ ਕਦਰ ਨੂੰ ਸਲਾਮ ਕੀਤਾ

# ਵਿਸ਼ਵ ਦਾ ਪਹਿਲਾ ਐਚ ਆਈ ਵੀ-ਪਾਜੀਟਿਵ ਸ਼ੁਕਰਾਣੂ ਬੈਂਕ ਨਿਊਜੀਲੈਂਡ ਵਿੱਚ ਲਾਂਚ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਦੁਨੀਆ ਦੇ ਪਹਿਲੇ ਐਚਆਈਵੀ-ਸਕਾਰਾਤਮਕ ਸ਼ੁਕਰਾਣੂ ਬੈਂਕ ਨੇ ਅੱਜ ਨਿਊਜ਼ੀਲੈਂਡ ਵਿਚ ਸ਼ੁਰੂਆਤ ਕੀਤੀ, ਜੋ ਕਿ ਵਾਇਰਸ ਨਾਲ ਜੀਅ ਰਹੇ ਲੋਕਾਂ ਦੁਆਰਾ ਮਹਿਸੂਸ ਕੀਤੇ ਗਏ ਕਲੰਕ, ਦਰਦ ਨੂੰ ਕੁੱਝ ਵੀ ਘੱਟ ਕਰਨ ਦੀ ਉਮੀਦ ਨਾਲ ਖੋਲਿਆ ਗਿਆ ਹੈ। ਸਪਰਮ ਪਾਜੀਟਿਵ ਵਾਲੇ ਸ਼ੁਕਰਾਣੂ ਬੈਂਕ ਦੀ ਸ਼ੁਰੂਆਤ ਨਿਊਜ਼ੀਲੈਂਡ ਏਡਜ਼ ਫਾਉਂਡੇਸ਼ਨ (ਐਨਜ਼ੈਡਏਐਫ), ਸਕਾਰਾਤਮਕ ਮਹਿਲਾ ਇੱਕ ਅਤੇ ਬਾਡੀ ਪੋਜੀਟਿਵ ਦੁਆਰਾ ਕੀਤੀ ਗਈ ਸੀ। ਪਹਿਲਾਂ ਹੀ ਸਾਈਨ-ਅਪ ਕਰ ਚੁੱਕੇ ਤਿੰਨ ਦਾਨੀਆਂ ਵਿੱਚੋਂ ਹਰੇਕ ਦਾ ਨਿਰੰਤਰ ਪਤਾ ਲੱਗਣਯੋਗ ਵਾਇਰਲ ਲੋਡ ਹੁੰਦਾ ਹੈ, ਭਾਵ ਵਿਸ਼ਾਣੂ ਦੂਜਿਆਂ ਵਿੱਚ ਸੰਚਾਰਿਤ ਨਹੀਂ ਹੋ ਸਕਦਾ। ਡੈਮਿਅਨ ਰੂਲ-ਨੀਲ ਉਨ੍ਹਾਂ ਆਦਮੀਆਂ ਵਿੱਚੋਂ ਇੱਕ ਹੈ. ਉਸ ਨੂੰ 20 ਸਾਲ ਪਹਿਲਾਂ ਐੱਚਆਈਵੀ ਦੀ ਬਿਮਾਰੀ ਨਾਲ ਪਤਾ ਲੱਗ ਸੀ ਅਤੇ ਉਸ ਦਾ ਕਹਿਣਾ ਹੈ ਕਿ ਅਗਿਆਨਤਾ ਅਜੇ ਵੀ ਬਹੁਤ ਜਿਆਦਾ ਹੈ। ਮੈਨੂੰ ਆਪਣੇ ਮੈਨੇਜਰ ਨੂੰ ਖੁਲਾਸਾ ਕਰਨ ਤੋਂ ਬਾਅਦ ਇਕ ਨੌਕਰੀ ਛੱਡਣੀ ਪਈ।ਬਾਡੀ ਪੋਜ਼ੀਟਿਵ ਦੇ ਕਾਰਜਕਾਰੀ ਨਿਰਦੇਸ਼ਕ ਮਾਰਕ ਫਿਸ਼ਰ ਨੇ ਕਿਹਾ ਕਿ ਐਚਆਈਵੀ ਨਾਲ ਜੀਵਨ ਬਤੀਤ ਕਰਨ ਵਾਲੇ ਬਹੁਤ ਸਾਰੇ ਲੋਕ ਪ੍ਰਭਾਵਸ਼ਾਲੀ ਇਲਾਜ ਬਾਰੇ ਨਹੀਂ ਜਾਣਦੇ। ਜਦਕਿ ਹੈ ਕਿ ਉਹ ਬਿਨਾਂ ਕਿਸੇ ਡਰ ਦੇ ਜੀ ਸਕਦੇ ਹਨ।ਉਸ ਨੇ ਕਿਹਾ ਕਿ ਆਖਰੀ ਐੱਚਆਈਵੀ ਪਾਜ਼ੇਟਿਵ ਬੱਚਾ 2007 ਵਿੱਚ ਨਿਊਜ਼ੀਲੈਂਡ ਵਿੱਚ ਪੈਦਾ ਹੋਇਆ ਸੀ।

# ਗਾਇਕ ਸ਼ਿੰਦਾ ਸੁਰੀਲਾ ਦਾ ਗੀਤ "ਨਾਨਕ ਦੇ ਘਰ" ਵੀ ਲੋਕ ਅਰਪਣ ਕੀਤਾ ਗਿਆ



ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਕਾਵੈਂਟਰੀ ਸਥਿਤ ਸਿੱਖ ਕਮਿਊਨਿਟੀ ਸੈਂਟਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਗੁਰਮਤਿ ਅਤੇ ਸੰਗੀਤ ਵਿਸ਼ੇ ਸੰਬੰਧੀ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਸਮੇਂ ਆਪਣੇ ਸੰਬੋਧਨ ਦੌਰਾਨ ਕੁਲਵੰਤ ਸਿੰਘ ਢੇਸੀ ਅਤੇ ਸੰਗੀਤਕਾਰ ਉਸਤਾਦ ਬਲਦੇਵ ਮਸਤਾਨਾ ਜੀ ਨੇ ਕਿਹਾ ਕਿ ਗੁਰਮਿਤ ਅਤੇ ਸੰਗੀਤ ਇੱਕ ਦੂਜੇ ਦੇ ਪੂਰਕ ਬਣ ਕੇ ਚਲਦੇ ਆ ਰਹੇ ਹਨ। ਗੁਰੂ ਸਾਹਿਬਾਨਾਂ ਨੇ ਆਪਣੇ ਪ੍ਰਚਾਰ ਸਾਧਨਾਂ ਨੂੰ ਆਮ ਲੋਕਾਂ ਵਿੱਚ ਲਿਜਾਣ ਲਈ ਸੰਗੀਤ ਨੂੰ ਪਹਿਲ ਦਿੱਤੀ। ਸਮੁੱਚੀ ਬਾਣੀ ਦਾ ਸੰਗੀਤਕ ਰਾਗਾਂ ਵਿੱਚ ਹੋਣਾ ਇਸ ਦੀ ਪ੍ਰਖ਼ਤਾ ਉਦਾਹਰਣ ਹੈ। ਸੰਗੀਤ ਮਨੁੱਖੀ ਮਨ ਨੂੰ ਇਕਾਗਰਤਾ ਪ੍ਰਦਾਨ ਕਰਨ ਵਿੱਚ ਅਹਿਮ ਰੋਲ ਅਦਾ ਕਰਦਾ ਹੈ। ਸੋਨੇ 'ਤੇ ਸੁਹਾਗੇ ਵਾਲੀ ਗੱਲ ਉਦੋਂ ਹੁੰਦੀ ਹੈ ਜਦੋਂ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਅਤੇ ਉਸਤਤ ਨੂੰ ਸੰਗੀਤ ਰਾਹੀਂ ਸੰਗਤਾਂ ਦੇ ਸਨਮੁੱਖ ਕੀਤਾ ਜਾਂਦਾ ਹੈ। ਸ਼ਿੰਦਾ ਸੁਰੀਲਾ ਦਾ ਗੀਤ ਨਾਨਕ ਦੇ ਘਰ ਵੀ ਸੰਗੀਤ ਦੇ ਮਾਧਿਅਮ ਰਾਂਹੀਂ ਗੁਰੂ ਸਾਹਿਬਾਨ ਦੇ ਗੁਣਗਾਣ ਦਾ ਬੇਸ਼ੱਕ ਕਿਣਕਾ ਮਾਤਰ ਹੈ ਪਰ ਸ਼ਿੰਦਾ ਸੁਰੀਲਾ ਇਸ ਸ਼ਾਹਕਾਰ ਗੀਤ ਲਈ ਵਧਾਈ ਦਾ ਪਾਤਰ ਹੈ।" ਇਸ ਸਮਾਗਮ ਦੌਰਾਨ ਭਾਈਚਾਰੇ ਦੇ ਰੇਡੀਓ ਪੰਜ ਦੇ ਮੁੱਖ ਸੇਵਾਦਾਰ ਅਤੇ ਗਾਇਕ ਸ਼ਿੰਦਾ ਸੁਰੀਲਾ ਦਾ ਗੀਤ "ਨਾਨਕ ਦੇ ਘਰ" ਵੀ ਲੋਕ ਅਰਪਣ ਕੀਤਾ ਗਿਆ। ਇਸ ਸਮੇਂ ਰੂਪ ਦਵਿੰਦਰ ਕੌਰ ਨਾਹਲ, ਕੇਬੀ ਢੀਂਡਸਾ, ਜਸਵਿੰਦਰ ਸਿੰਘ ਤੂਰ, ਮਲਕੀਤ ਕੌਰ, ਕੌਂਸਲਰ ਰੁਪਿੰਦਰ ਸਿੰਘ, ਸ਼ਿੰਦਾ ਸੁਰੀਲਾ, ਰਾਜ ਛੋਕਰ ਆਦਿ ਬੁਲਾਰਿਆਂ ਨੇ ਆਪਣੇ ਸੰਬੋਧਨ ਦੌਰਾਨ ਜਿੱਥੇ ਇਸ ਸੱਚੀ ਸੁੱਚੀ ਲਿਖਤ ਦੀ ਰੱਜਵੀਂ ਪ੍ਰਸੰਸਾ ਕੀਤੀ, ਉੱਥੇ ਸਮੁੱਚੀ ਟੀਮ ਦੇ ਵਿਲੱਖਣ ਕਾਰਜ ਨੂੰ ਸਲਾਹੁੰਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਤਮਸਤਕ ਇਸ ਗੀਤ ਦੀ ਵਿਲੱਖਣਤਾ ਹੀ ਇਹ ਹੈ ਕਿ ਇਸ ਗੀਤ ਵਿੱਚ ਕਿਸੇ ਵੀ ਕਲਪਿਤ ਤਸਵੀਰ ਦਾ ਸਹਾਰਾ ਲੈਣ ਨਾਲੋਂ ਗੁਰੂ ਜੀ ਦੇ ਸ਼ਬਦ ਨੂੰ ਸਤਿਕਾਰ ਵਜੋਂ ਉਚਾਰਿਆ ਗਿਆ ਹੈ।




Brick & Tile Must Go!!

Why? Owners have moved out of town, heading for retirement and must cash out. Change of plans made this decision difficult as it was to be longer term. Bought as an investment and have had great tenants that are hoping not to move out. If you're an investor, you'll be all set up to go with no waiting period of finding suitable tenants or waiting for a six-week settlement period.

If you're a first-time buyer or someone looking for proximity to shops, trains, motorways or Middlemore Hospital then this home has it all.

Don't wait, ignore any past price, owners are more motivated than ever to sell this home and move on.

Call us now or watch online for viewing times.

SET DATE OF SALE: Wednesday, 4th December 2019 at 12:00pm, Harcourts Otahuhu Office, 507b Great South Road, Otahuhu (Unless sold prior)

Ann Lereculey 021 976 136
E: ann.lereculey@harcourts.co.nz
Phil Sulusulu 021 976 137
E: phil.sulusulu@harcourts.co.nz
Office Name: Harcourts
Reliable Real Estate Ltd REAA 2008